Virtual Schools

**ਮਾਰਚ 2021**

## ਟੀਡੀਐਸਬੀ ਐਲੀਮੈਂਟਰੀ ਵਰਚੁਅਲ ਸਕੂਲ ਫੈਮਲੀ ਨਿਊਜ਼ਲੈਟਰ

ਵਰਚੁਅਲ ਸਕੂਲ ਨਿਊਜ਼ਲੈਟਰ ਦੇ ਮਾਰਚ 2021 ਅੰਕ ਵਿੱਚ ਤੁਹਾਡਾ ਸਵਾਗਤ ਹੈ। ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਇਹ ਮਾਸਿਕ ਪ੍ਰਕਾਸ਼ਨ ਸਿਰਫ ਵਰਚੁਅਲ ਸਕੂਲ ਵਿੱਚ ਹੀ ਨਹੀਂ ਪਰੰਤੂ ਸਾਰੇ ਟੀਡੀਐਸਬੀ ਵਿੱਚ ਕੀ ਹੋ ਰਿਹਾ ਹੈ ਬਾਰੇ ਸੂਚਿਤ ਰਹਿਣ ਵਿੱਚ ਸਹਾਇਤਾ ਕਰਨ ਲਈ ਜਾਣਕਾਰੀ ਅਤੇ ਅਪਡੇਟਾਂ ਦਾ ਚੰਗਾ ਸ੍ਰੋਤ ਲਗ ਰਿਹਾ ਹੈ।

ਜਿਵੇਂ ਕਿ ਤੁਸੀਂ ਜਾਣਦੇ ਹੋ, ਸਿੱਖਿਆ ਮੰਤਰਾਲੇ ਨੇ ਮਾਰਚ ਬ੍ਰੇਕ ਵਿੱਚ ਦੇਰੀ ਕੀਤੀ ਹੈ ਸੋ ਇਸ ਕਰਕੇ ਅਸੀਂ ਹੁਣ 12 ਤੋਂ 16 ਅਪ੍ਰੈਲ ਤੱਕ ਆਉਣ ਵਾਲੀ ਬ੍ਰੇਕ ਦੀ ਉਡੀਕ ਕਰ ਰਹੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਸਾਰੇ ਵਿਦਿਆਰਥੀ ਅਤੇ ਪਰਿਵਾਰ ਕੁਝ ਆਰਾਮ ਦੇ ਸਮੇਂ ਦਾ ਅਨੰਦ ਮਾਣਨਗੇ, ਕਿਉਂਕਿ ਇਹ ਸਾਲ ਹਰ ਕਿਸੇ ਲਈ ਵਿਅਸਤ ਅਤੇ ਚੁਨੌਤੀਜਨਕ ਰਿਹਾ ਹੈ।

ਹੋਰ ਜਾਣਕਾਰੀ ਅਤੇ ਅੱਪਡੇਟਾਂ ਲਈ, ਕਿਰਪਾ ਕਰਕੇ www.tdsb.on.ca/virtualschool'ਤੇ ਜਾਓ
ਅਤੇ ਟਵਿਟਰ 'ਤੇ @tdsbvs 'ਤੇ ਫਾਲੋ ਕਰੋ।

## ਕੋਵਿਡ ਦੀ ਵਰ੍ਹੇਗੰਢ ਦੌਰਾਨ ਮਾਨਸਿਕ ਸਿਹਤ ਅਤੇ ਕੁਸ਼ਲਤਾ ਦਾ ਸਮਰਥਨ ਕਰਨਾ

11 ਮਾਰਚ ਦੇ ਹਫਤੇ ਨੇ ਕੋਵਿਡ-19 ਦੀ ਪਹਿਲੀ ਵਰ੍ਹੇਗੰਢ ਨੂੰ ਅੰਕਿਤ ਕੀਤਾ, ਇੱਕ ਵਿਸ਼ਵ ਵਿਆਪੀ ਮਹਾਮਾਰੀ ਜਿਸ ਨੇ ਸਾਡੇ ਜੀਵਨਾਂ ਨੂੰ ਸਦਾ ਲਈ ਬਦਲ ਦਿੱਤਾ ਹੈ। ਇਹ ਇੱਕ ਚੁਣੌਤੀ ਭਰਪੂਰ ਸਾਲ ਰਿਹਾ ਹੈ ਅਤੇ ਅਸੀਂ ਬਹੁਤ ਜ਼ਿਆਦਾ ਅਨਿਸ਼ਚਿਤਤਾ ਅਤੇ ਜਬਰਦਸਤ ਤਬਦੀਲੀਆਂ ਦਾ ਸਾਹਮਣਾ ਕੀਤਾ ਹੈ। ਮਹਾਮਾਰੀ ਨੇ ਅੱਤਿਆਚਾਰ ਵਿਰੁੱਧ ਮਹੱਤਵਪੂਰਨ ਸੰਵਾਦਾਂ ਨੂੰ ਸਿਰਜਦੇ ਹੋਏ ਸਮਾਜਿਕ ਅਸਮਾਨਤਾਵਾਂ ਨੂੰ ਉਜਾਗਰ ਕੀਤਾ। ਹਾਲਾਂਕਿ ਅਸੀਂ ਮਹਾਮਾਰੀ ਅਤੇ ਤਣਾਅ ਅਤੇ ਭਾਰ ਨੂੰ ਸਿਆਣਦੇ ਹਾਂ, ਅਸੀਂ ਤਾਕਤਾਂ, ਕਮਿਊਨਿਟੀ ਦੇ ਨਿਰਮਾਣ ਅਤੇ ਸਾਡੀ ਦ੍ਰਿੜਤਾ ਨੂੰ ਵੀ ਸਿਆਣਦੇ ਹਾਂ।

ਸਾਡੇ ਬੱਚਿਆਂ ਲਈ ਸਕੂਲਿੰਗ ਵਿੱਚ ਹੋਣ ਵਾਲੀਆਂ ਤਬਦੀਲੀਆਂ ਅਤੇ ਚੁਣੌਤੀਆਂ ਸਾਨੂੰ ਇਸ ਬਾਰੇ ਸੋਚਣ ਦਿੰਦੀਆਂ ਹਨ ਕਿ ਅਸੀਂ ਕਿਵੇਂ ਇੰਨ੍ਹਾਂ ਸਮਿਆਂ ਨੂੰ ਲਚੀਲੇਪਨ, ਦਿਆਲਤਾ ਅਤੇ ਇੱਕ ਦੂਸਰੇ ਅਤੇ ਸਾਡੇ ਖੁਦ ਲਈ ਪਰਵਾਹ ਦੇ ਨਾਲ ਸਹਾਰਿਆ ਹੈ।

ਡਾਇਰੈਕਟਰ ਔਫ ਐਜੁਕੇਸ਼ਨ ਅਤੇ ਐਸੋਸੀਏਟ ਡਾਇਰੈਕਟਰਾਂ ਵਲੋਂ ਪੂਰਾ ਸੁਨੇਹਾ ਪੜ੍ਹੋ।

## ਰੀਮਾਈਂਡਰ: ਮਾਰਚ ਬ੍ਰੇਕ ਦੀਆਂ ਤਰੀਕਾਂ ਵਿੱਚ ਤਬਦੀਲੀ

ਸਿੱਖਿਆ ਮੰਤਰਾਲੇ ਨੇ ਮਾਰਚ ਬ੍ਰੇਕ ਵਿੱਚ ਦੇਰੀ ਕੀਤੀ ਹੈ। ਹੁਣ ਬ੍ਰੇਕ **12 - 16 ਅਪ੍ਰੈਲ, 2021** ਨੂੰ ਹੈ।

## ਡਾਇਰੈਕਟਰ ਦੀ ਸਾਲਾਨਾ ਰਿਪੋਰਟ

ਡਾਇਰੈਕਟਰ ਦੀ ਸਾਲਾਨਾ ਰਿਪੋਰਟ 2020 ਉਸ ਮਹੱਤਵਪੂਰਨ ਕੰਮ, ਜਿਹੜਾ ਪਿਛਲੇ ਸਾਲ ਵਿੱਚ ਸਾਰੇ ਟੀਡੀਐਸਬੀ ਵਿੱਚ ਹੋਇਆ ਹੈ ਅਤੇ ਮਲਟੀ-ਯੀਅਰ ਸਟ੍ਰੈਟੇਜਿਕ ਪਲਾਨ ਵਿੱਚ ਕੀਤੀ ਗਈ ਉਨੱਤੀ ਨੂੰ ਉਜਾਗਰ ਕਰਦੀ ਹੈ। ਰਿਪੋਰਟ ਨੂੰ ਔਨਲਾਈਨ ਪੜ੍ਹੋ।

## ਨਵੀਂ ਆਊਟਡੋਰ ਲਰਨਿੰਗ ਵੈੱਬਸਾਈਟ

ਸੁਰੱਖਿਅਤ ਢੰਗ ਨਾਲ ਬਾਹਰ ਨਿਕਲਣਾ ਹੁਣ ਪਹਿਲਾਂ ਨਾਲੋਂ ਵੱਧ ਮਹੱਤਵਪੂਰਨ ਹੈ। ਵਿਦਿਆਰਥੀਆਂ, ਪਰਿਵਾਰਾਂ ਅਤੇ ਸਟਾਫ ਨੂੰ ਬਾਹਰ (outdoors) ਤੋਂ ਸੁਰੱਖਿਅਤ ਅਤੇ ਵਿਦਿੱਅਕ ਢੰਗ ਨਾਲ ਸਭ ਤੋਂ ਵੱਧ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ, ਟੀਡੀਐਸਬੀ ਨੇ ਇੱਕ ਨਵੀਂ ਆਉਟਡੋਰ ਲਰਨਿੰਗ ਵੈੱਬਸਾਈਟਲੌਂਚ ਕੀਤੀ ਹੈ। ਅੱਜ ਹੀ ਨਵੀਂ ਸਾਈਟ ਦੀ ਪੜਤਾਲ ਕਰੋ!

## ਟੀਡੀਐਸਬੀ ਕਨਵਰਸੇਸ਼ਨ ਸੀਰੀਜ਼

ਪਰਿਵਾਰਾਂ ਨੂੰ ਅਜਿਹੇ ਵਿਸ਼ਿਆ ਬਾਰੇ ਰੁਝਾਉਣ ਵਾਲੇ ਅਤੇ ਜਾਣਕਾਰੀਦਾਇਕ ਸੰਵਾਦਾਂ ਦੀ ਲੜੀ ਵਿੱਚ ਸਾਡੇ ਨਾਲ ਸ਼ਾਮਲ ਹੋਣ ਵਾਸਤੇ ਸੱਦਾ ਦਿੱਤਾ ਜਾਂਦਾ ਹੈ ਜਿੰਨ੍ਹਾਂ ਬਾਰੇ ਅਸੀਂ ਸੁਣਿਆ ਹੈ ਕਿ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ। ਮੋਹਰੀ ਮਾਹਰਾਂ ਤੋਂ ਸੁਣੋ ਅਤੇ ਔਨਲਾਈਨ ਸਵਾਲਾਂ ਅਤੇ ਜਵਾਬਾਂ ਸੈਸ਼ਨਾਂ ਵਿੱਚ ਭਾਗ ਲਓ।

ਤਰੀਕਾਂ ਅਤੇ ਆਉਣ ਵਾਲੇ ਸੈਸ਼ਨਾਂ ਬਾਰੇ ਵੇਰਵੇ।

## ਟੋਰੋਂਟੋ ਪਬਲਿਕ ਹੈਲਥ (ਟੀਪੀਐਚ) ਵੈਕਸੀਨ ਅਪਡੇਟ

ਜਿਵੇਂ ਟੋਰੋਂਟੋ ਸ਼ਹਿਰ ਵਿੱਚ ਵੈਕਸੀਨ ਰੋਲਆਉਟ ਹੁੰਦੀ ਹੈ, ਹੋਰ ਜਾਣਨ ਲਈ ਕਿਰਪਾ ਕਰਕੇ ਟੀਪੀਐਚ ਵੈੱਬਸਾਈਟ 'ਤੇ ਜਾਓ।

## ਹਿਊਮਨ ਰਾਈਟਸ ਦੀ ਸਾਲਾਨਾ ਰਿਪੋਰਟ

ਟੀਡੀਐਸਬੀ ਨੇ ਹਾਲ ਹੀ ਵਿੱਚ ਉਸਦੀ ਸਭ ਤੋਂ ਪਹਿਲੀ ਹਿਊਮਨ ਰਾਈਟਸ ਦੀ ਸਾਲਾਨਾ ਰਿਪੋਰਟ ਰੀਲਿਜ਼ ਕੀਤੀ। ਰਿਪੋਰਟ ਨੂੰ ਪੜ੍ਹਨ ਲਈ, ਘਟਨਾ ਦੀ ਰਿਪੋਰਟ ਕਰਨ ਲਈ, ਨੀਤੀਆਂ ਅਤੇ ਬਿਧੀਆਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਅਤੇ ਸਵਾਲ ਅਤੇ ਜਵਾਬ ਪੜ੍ਹਨ ਲਈ ਹਿਊਮਨ ਰਾਈਟਸ ਵੈੱਬਸਾਈਟ ਤੇ ਜਾਓ।

## ਟੀਡੀਐਸਬੀ ਗ੍ਰੀਕ ਵਿਰਾਸਤ ਮਹੀਨਾ ਮਨਾਉਂਦਾ ਹੈ

ਮਾਰਚ ਟੋਰੋਂਟੋ ਡਿਸਟ੍ਰਿਕਟ ਸਕੂਲ ਬੋਰਡ ਵਿੱਚ ਗ੍ਰੀਕ ਵਿਰਾਸਤ ਮਹੀਨਾ ਹੈ। ਇਹ ਕੈਨੇਡਾ ਅਤੇ ਦੁਨੀਆ ਵਿੱਚ ਗ੍ਰੀਕ ਕਨੇਡੀਅਨਾਂ ਦੀਆਂ ਅਨੇਕ ਪ੍ਰਾਪਤੀਆਂ ਅਤੇ ਯੋਗਦਾਨਾਂ ਦਾ ਜਸ਼ਨ ਮਨਾਉਣ ਦਾ ਮੌਕਾ, ਅਤੇ ਗ੍ਰੀਕ ਸਭਿਆਚਾਰ ਦੇ ਇਤਿਹਾਸ ਨੂੰ ਅੰਕਿਤ ਕਰਨ ਅਤੇ ਉਸਦਾ ਅਨੰਦ ਮਾਣਨ ਦਾ ਅਵਸਰ ਹੈ। ਹੋਰ ਜਾਣੋ ।

ਇਸ ਸਾਲ ਦਾ ਵਿਸ਼ਾ:

**1821-2021**
**ਆਜ਼ਾਦੀ ਅਤੇ ਏਕਤਾ - Ελευθερία και Ενότητα**
**ਸਾਡੀਆਂ ਜੜ੍ਹਾਂ ਤੋਂ ਸਿੱਖਣਾ...ਸਾਡੇ ਭਵਿੱਖ ਨੂੰ ਆਕਾਰ ਦੇਣਾ (Freedom and Unity – Ελευθερία και Ενότητα Learning From Our Roots…Shaping Our Future) ਹੈ।**

## ਗ੍ਰੇਡ 8 ਕੋਰਸਾਂ ਦੀ ਚੋਣ

ਸਾਰੀ ਜਨਵਰੀ ਅਤੇ ਫਰਵਰੀ ਦੇ ਦੌਰਾਨ, ਵਿਦਿਆਰਥੀਆਂ ਨੇ 2021/2022 ਸਕੂਲੀ ਸਾਲ ਲਈ ਉਨ੍ਹਾਂ ਦੇ ਕੋਰਸਾਂ ਦੀ ਚੋਣ ਪੂਰੀ ਕੀਤੀ। ਅਸੀਂ ਇਸ ਪ੍ਰਕਿਰਿਆ ਦੇ ਦੌਰਾਨ ਤੁਹਾਡੀ ਸਹਾਇਤਾ ਦੇ ਲਈ ਪਰਿਵਾਰਾਂ ਦਾ ਧੰਨਵਾਦ ਕਰਦੇ ਹਾਂ। ਸਵਾਲਾਂ ਦੇ ਨਾਲ ਆਪਣੇ ਵਰਚੂਅਲ ਸਕੂਲ ਲਰਨਿੰਗ ਸੈਂਟਰ ਵਿੱਚ ਗ੍ਰੇਡ 8 ਕਲਾਸਾਂ ਲਈ ਜ਼ਿੰਮੇਵਾਰ ਵਾਇਸ ਪ੍ਰਿੰਸੀਪਲ ਨਾਲ ਸੰਪਰਕ ਕਰੋ।

## ਵਰਚੂਅਲ ਸਕੂਲ ਵਿਦਿਆਰਥੀਆਂ ਵਾਸਤੇ ਗਰੋਸਰੀ ਕਾਰਡ

ਭੋਜਨ ਸੰਬੰਧੀ ਅਸੁਰੱਖਿਆ ਦਾ ਅਨੇਕ ਟੀਡੀਐਸਬੀ ਪਰਿਵਾਰਾਂ ਦੇ ਲਈ ਇੱਕ ਸਚਾਈ ਹੋਣਾ ਜਾਰੀ ਹੈ, ਖਾਸ ਕਰਕੇ ਕੋਵਿਡ-19 ਦੌਰਾਨ ਅਤੇ ਟੋਰੋਂਟੋ ਫਾਉਂਡੇਸ਼ਨ ਫੌਰ ਸਟੂਡੈਂਟ ਸਕਸੈਸ (Toronto Foundation for Student Success - TFSS) ਦਾ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਕਰਨਾ ਜਾਰੀ ਹੈ ਅਤੇ ਉਸ ਨੇ ਵਰਚੂਅਲ ਢੰਗ ਨਾਲ ਪੜ੍ਹ ਰਹੇ ਵਿਦਿਆਰਥੀਆਂ ਲਈ 17,000 $50 ਗਿਫਟ ਕਾਰਡ ਫੰਡ ਕੀਤੇ ਅਤੇ ਡਾਕ ਰਾਹੀਂ ਉਨ੍ਹਾਂ ਨੂੰ ਭੇਜੇ ਹਨ। ਫੂਡ ਫੌਰ ਕਿਡਜ਼ (Food for Kids - FFK) ਪਹਿਲ ਦੁਆਰਾ ਪਛਾਣੇ ਗਏ ਵਿਦਿਆਰਥੀਆਂ ਰਾਹੀਂ ਅਤੇ ਖੁਦ ਪਛਾਣ ਕੀਤੀਆਂ ਗਈਆਂ ਲੋੜਾਂ ਦੁਆਰਾ ਨਿਰਧਾਰਤ ਕੀਤੇ ਗਏ ਵਿਦਿਆਰਥੀਆਂ ਰਾਹੀਂ ਕਮਿਊਨਿਟੀਆਂ ਨੂੰ ਪ੍ਰਾਥਮਿਕਤਾ ਦਿੱਤੀ ਗਈ ਸੀ। TFSS ਮਈ ਦੇ ਅੰਤ ਤੱਕ (ਜਿਵੇਂ ਫੰਡ ਇਜਾਜ਼ਤ ਦਿੰਦੇ ਹਨ) ਸਹਾਇਤਾ ਪ੍ਰਦਾਨ ਕਰਨਾ ਜਾਰੀ ਰੱਖਣ ਲਈ ਅਤੇ ਪ੍ਰਾਥਮਿਕਤਾ ਵਾਲੀਆਂ ਕਮਿਊਨਿਟੀਆਂ ਵਿੱਚ ਸਮਰ ਸਕੂਲ ਦੇ ਸੈਕੰਡਰੀ ਵਿਦਿਆਰਥੀਆਂ ਦੇ ਲਈ ਸਹਾਇਤਾ ਪ੍ਰਾਪਤ ਕਰਨ ਲਈ ਵਰਚੂਅਲ ਸਕੂਲਾਂ ਦੇ ਨਾਲ ਕੰਮ ਕਰ ਰਹੀ ਹੈ। ਟੀਡੀਐਸਬੀ ਸਕੂਲਾਂ ਦੇ ਖੁੱਲ੍ਹੇ ਹੋਣ ਦੌਰਾਨ, TFSS ਦਾ ਇਨ-ਸਕੂਲ ਵਿਦਿਆਰਥੀ ਪੋਸ਼ਣ ਪ੍ਰੋਗਰਾਮਾਂ (Student Nutrition Programs) ਨੂੰ ਸਮਰਥਨ ਪ੍ਰਦਾਨ ਕਰਨਾ ਵੀ ਜਾਰੀ ਹੈ।

## ਮਾਤਾ-ਪਿਤਾ/ਦੇਖਭਾਲ ਕਰਨ ਵਾਲੇ ਅਤੇ ਕਮਿਊਨਿਟੀ ਵਲੰਟੀਅਰ ਪ੍ਰਕਿਰਿਆ

ਸਾਡੇ ਕੋਲ ਸਾਡੀ ਪਰਿਵਾਰਕ ਕਮਿਊਨਿਟੀ ਵਿੱਚ ਮਹਾਰਤ ਅਤੇ ਸਾਧਨਾਂ ਦਾ ਭੰਡਾਰ ਹੈ। ਅਨੇਕ ਮਾਤਾ-ਪਿਤਾ/ਸਰਪ੍ਰਸਤਾਂ ਨੇ ਵਰਚੂਅਲ ਸਕੂਲ ਕਲਾਸਰੂਮਾਂ ਦੀ ਸਹਾਇਤਾ ਕਰਨ ਵਿੱਚ ਰੁਚੀ ਦਰਸਾਈ ਹੈ। ਜਿਵੇਂ ਕਿ ਇਨ-ਪਰਸਨ ਸਕੂਲ ਵਿਖੇ ਵਲੰਟੀਅਰ ਕਰਨ ਦੇ ਨਾਲ ਹੈ, ਵਿਦਿਆਰਥੀਆਂ ਦੇ ਨਾਲ ਕੰਮ ਕਰਨ ਤੋਂ ਪਹਿਲਾਂ ਵਲੰਟੀਆਰਾਂ ਦੁਆਰਾ "ਕਲੀਅਰ ਕੀਤਾ ਗਿਆ" (cleared) ਪੁਲਿਸ ਚੈੱਕ ਮੁਹੱਈਆ ਕੀਤਾ ਜਾਣਾ ਲਾਜ਼ਮੀ ਹੈ। ਜੇ ਤੁਸੀਂ ਵਲੰਟੀਅਰ ਕਰਨ ਵਿੱਚ ਰੁਚੀ ਰੱਖਦੇ ਹੋ, ਤਾਂ ਕਿਰਪਾ ਕਰਕੇ ਇਸ ਫਾਰਮ ਨੂੰ ਭਰੋ:

ਮਾਤਾ-ਪਿਤਾ/ਦੇਖਭਾਲ ਕਰਨ ਵਾਲੇ ਅਤੇ ਕਮਿਊਨਿਟੀ ਵਲੰਟੀਅਰ

ਇਹ ਫਾਰਮ ਤੁਹਾਨੂੰ ਲਰਨਿੰਗ ਸੈਂਟਰ, ਤੁਹਾਡੇ ਬੱਚੇ ਲਈ ਕਲਾਸ ਕੋਡ ਅਤੇ ਅਧਿਆਪਕ ਦਾ ਨਾਮ ਮੁਹੱਈਆ ਕਰਨ ਲਈ ਕਹਿੰਦਾ ਹੈ। ਜੇ ਤੁਹਾਡੇ ਕੋਲ ਇਹ ਜਾਣਕਾਰੀ ਨਹੀਂ ਹੈ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਨੂੰ ਪੁੱਛੋ।

ਇਸ ਫਾਰਮ ਵਿੱਚ ਵੈਧ ਪੁਲਿਸ ਰੇਫਰੈਂਸ ਚੈੱਕ ਹੋਣ ਦੀ ਪੁਸ਼ਟੀ ਕਰਨ ਅਤੇ ਉਸਦੇ ਹੋਣ ਬਾਰੇ ਜਾਣਕਾਰੀ ਮੁਹੱਈਆ ਕਰਨ ਦੀ ਮੰਗ ਕਰਨ ਵਾਲਾ ਸਵਾਲ ਸ਼ਾਮਲ ਹੋਵੇਗਾ। ਜੇ ਐਪਲੀਕੇਸ਼ਨ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਤੁਹਾਨੂੰ 416-393-0759 ਤੇ ਪੁਲਿਸ ਰੇਫਰੈਂਸ ਚੈੱਕ (PRC) ਆਫਿਸ ਦੇ ਨਾਲ ਸੰਪਰਕ ਕਰਨ ਜਾਂ

PoliceReferenceCheckOffice@tdsb.on.ca ਨੂੰ ਈਮੇਲ ਕਰਨ ਦੀ ਲੋੜ ਹੋਵੇਗੀ।

ਜੇ ਤੁਹਾਨੂੰ PRC ਲਈ ਖਰਚੇ ($20) ਨੂੰ ਔਫਸੈੱਟ ਕਰਨ ਲਈ ਵਿੱਤੀ ਸਹਾਇਤਾ ਦੀ ਲੋੜ ਹੈ ਤਾਂ ਖਰਚੇ ਵਿੱਚ ਸਬਸਿਡੀ ਦੇਣ ਲਈ ਆਪਣੇ ਇਨ-ਪਰਸਨ ਸਕੂਲ ਪ੍ਰਿੰਸੀਪਲ ਨਾਲ ਗੱਲ ਕਰੋ। ਵਿਕਲਪਿਕ ਤੌਰ 'ਤੇ, ਤੁਸੀਂ 416-397-3529 'ਤੇ ਪੇਰੈਂਟ ਐਂਡ ਕਮਿਊਨਿਟੀ ਐਂਗੇਜਮੈਂਟ ਆਫਿਸ ਨਾਲ ਸੰਪਰਕ ਕਰ ਸਕਦੇ ਹੋ।

ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਲਰਨਿੰਗ ਸੈਂਟਰ ਦੇ ਪ੍ਰਿੰਸੀਪਲ ਨਾਲ ਸੰਪਰਕ ਕਰੋ।

## ਕਮਿਊਨਿਟੀ ਸ਼ਮੂਲੀਅਤ: ਇੰਟਰਐਕਟਿਵ ਵੈਬੀਨਾਰ

ਸਾਰੀ ਮਾਰਚ ਦੌਰਾਨ, ਐਲੀਮੈਂਟਰੀ ਵਰਚੂਅਲ ਸਕੂਲ ਨੇ ਪਰਿਵਾਰਾਂ ਅਤੇ ਕਮਿਊਨਿਟੀ ਮੈਂਬਰਾਂ ਦੇ ਲਈ ਵੈਬੀਨਾਰਾਂ ਦਾ ਆਯੋਜਨ ਕੀਤਾ, ਜਿਸ ਵਿੱਚ ਹੇਠਾਂ ਦਿੱਤੇ ਵਿਸ਼ੇ ਸ਼ਾਮਲ ਸਨ:

- ਪੇਰੈਂਟਿੰਗ ਇਨ ਏ ਵਰਚੂਅਲ ਵਰਲਡ: ਮਨੋਵਿਗਿਆਨੀਆਂ, ਸੋਸ਼ਲ ਵਰਕਰਾਂ ਅਤੇ ਸਕੂਲ ਪ੍ਰਬੰਧਕਾਂ ਦੁਆਰਾ ਸਮਰਥਿਤ ਇੰਟਰਐਕਟਿਵ ਸੈਸ਼ਨ
- ਇੰਟਰਨੈੱਟ ਸੇਫਟੀ: ਆਪਣੇ ਬੱਚੇ ਨੂੰ ਔਨਲਾਈਨ ਸੁਰੱਖਿਅਤ ਕਿਵੇਂ ਰੱਖਣਾ ਹੈ
- ਕਿਸ਼ੋਰਾਂ ਦੀ ਮਾਨਸਿਕ ਸਿਹਤ

**ਬੁੱਧਵਾਰ, 7 ਅਪ੍ਰੈਲ ਨੂੰ ਸ਼ਾਮ ਨੂੰ 7 ਵਜੇ** ਅਗਲੇ ਇੰਟਰਐਕਟਿਵ ਵੈਬੀਨਾਰ ਵਿੱਚ ਸਾਡੇ ਨਾਲ ਸ਼ਾਮਲ ਹੋਵੋ ਜਿਸ ਵਿੱਚ ਸਕ੍ਰੀਨ ਟਾਈਮ ਦਾ ਪ੍ਰਬੰਧਨ, ਉਤਪਾਦਕ ਔਨਲਾਈਨ ਟੂਲਾਂ ਦੀ ਪਛਾਣ ਕਰਨਾ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਔਨਲਾਈਨ ਸਮੇਂ ਦੀ ਸਰਬੋਤਮ ਵਰਤੋਂ ਕਰਨ ਵਿੱਚ ਸਹਾਇਤਾ ਕਰਨ ਵਰਗੇ ਵਿਸ਼ੇ ਸ਼ਾਮਲ ਹੋਣਗੇ।

ਆਦੀ ਜਾਂ ਸਸ਼ਕਤ (Addicted or Empowered)? ਆਪਣੇ ਬੱਚੇ ਦੀ ਔਨਲਾਈਨ ਲਰਨਿੰਗ ਦਾ ਸਮਰਥਨ ਕਿਵੇਂ ਕਰੀਏ।

## ਟੀਡੀਐਸਬੀ ਪੇਰੈਂਟ ਅਕੈਡਮੀ - ਅਪ੍ਰੈਲ ਦਾ ਕਾਰਜਕ੍ਰਮ

**ਮੰਗਲਵਾਰ, 30 ਮਾਰਚ, 2021 ਸ਼ਾਮ 6:30 ਵਜੇ।**

**ਐਂਟੀ-ਰੇਸੀਜ਼ਮ ਸੀਰੀਜ਼: ਸਾਡੇ ਸਕੂਲ ਵਿੱਚ ਨਿਰਪੇਖਤਾ (Equity) ਕਿਹੋ ਜਿਹੀ ਦਿਖਦੀ ਹੈ**

ਸਾਡੇ ਸਕੂਲ ਵਿੱਚ ਇਕੁਇਟੀ ਕਿਹੋ ਜਿਹੀ ਦਿਖਦੀ ਹੈ ਦੀ ਪੜਤਾਲ ਕਰੋ; ਇਕੁਇਟੀ ਸੰਬੰਧੀ ਟੀਚਿਆਂ ਅਤੇ ਸਕੂਲ ਦੇ ਸੁਧਾਰ ਸੰਬੰਧੀ ਯੋਜਨਾਬੰਦੀ ਬਾਰੇ ਚਰਚਾ ਕਰੋ।

**ਮੰਗਲਵਾਰ, 27 ਅਪ੍ਰੈਲ, 2021 ਸ਼ਾਮ 6:30 ਵਜੇ।**

**ਮਾਈਕ੍ਰੋਅਗਰੈਸ਼ਨਾਂ (Microaggressions) ਅਤੇ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਦੇ ਨਾਲ ਕਿਵੇਂ ਨਜਿੱਠਣਾ ਹੈ**

ਅੱਤਿਆਚਾਰ ਦੇ ਨਾਲ ਨਜਿੱਠਣ ਲਈ ਰਣਨੀਤੀਆਂ, ਅਸੀਂ ਚਰਚਾ ਕਰਦੇ ਹਾਂ ਕਿ ਮਾਈਕ੍ਰੋਅਗਰੈਸ਼ਨਾਂ (Microaggressions) ਅਤੇ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਦੇ ਨਾਲ ਕਿਵੇਂ ਨਜਿੱਠਣਾ ਹੈ।

ਪੇਰੈਂਟ ਅਕੈਡਮੀ ਹੇਠ tdsbHUB.ca ਤੇ ਹੋਰ ਜਾਣੋ।

## ਨਿਰੰਤਰ ਪੇਸ਼ੇਵਰ ਸਿਖਲਾਈ

ਅਧਿਆਪਕਾਂ ਦਾ ਵਿਦਿਆਰਥੀਆਂ ਨੂੰ ਰੁਝਾਉਣ ਅਤੇ ਸਾਖਰਤਾ ਅਤੇ ਗਣਿਤ ਵਿੱਚ ਡੂੰਘੀ ਸਿਖਲਾਈ ਨੂੰ ਵਧਾਵਾ ਦੇਣ ਲਈ ਡਿਜੀਟਲ ਪਲੇਟਫਾਰਮ ਅਤੇ ਟੂਲ ਵਰਤਣ ਦੇ ਉਨ੍ਹਾਂ ਦੇ ਗਿਆਨ ਅਤੇ ਅਮਲ ਵਿੱਚ ਵਾਧਾ ਕਰਨ ਲਈ ਪੇਸ਼ੇਵਰ ਸਿਖਲਾਈ ਵਿੱਚ ਰੁੱਝਣਾ ਜਾਰੀ ਹੈ।

ਮਾਰਚ ਦੌਰਾਨ ਪੇਸ਼ੇਵਰ ਸਿਖਲਾਈ ਦੇ ਕੁਝ ਉਦਾਹਰਣਾਂ ਵਿੱਚ ਹੇਠਾਂ ਦਿੱਤੀਆਂ ਚੀਜ਼ਾਂ ਸ਼ਾਮਲ ਹਨ:

- ਰੋਜ਼ਾਨਾ ਅਭਿਆਸ ਵਿੱਚ ਗਾਈਡਡ ਰੀਡਿੰਗ ਰਣਨੀਤੀਆਂ ਨੂੰ ਏਕੀਕ੍ਰਿਤ ਕਰਨ ਲਈ ਸਮਰੱਥਾ ਦਾ ਵਿਕਾਸ ਕਰਨਾ
- ਗੂਗਲ ਐਜੂਕੇਸ਼ਨ ਸਰਟੀਫਿਕੇਸ਼ਨ ਵਿੱਚ ਹਿੱਸਾ ਲੈਣਾ
- ਵਰਚੂਅਲ ਫੇਅਰਾਂ ਵਿੱਚ ਹਿੱਸਾ ਲੈਣਾ: ਪ੍ਰੋਗਰਾਮਾਂ ਦਾ ਸਮਰਥਨ ਕਰਨ ਅਤੇ ਵਿਦਿਆਰਥੀਆਂ ਦੀ ਆਵਾਜ਼ ਨੂੰ ਸਾਮ੍ਹਣੇਲਿਆਉਣ ਲਈ ਅਤੇ ਡਿਜੀਟਲ ਰਵਾਨਗੀ (Fluency) ਨੂੰ ਵਧਾਵਾ ਦੇਣ ਲਈ ਔਨਲਾਈਨ ਟੂਲਾਂ ਦੀ ਖੋਜ ਕਰਨਾ
- ਮੈਥ ਲੀਡਰਸ਼ਿਪ ਟੀਮ: ਵਿਕਾਸਸ਼ੀਲ ਨਿਰੰਤਰਤਾ ਦੀ ਵਰਤੋਂ ਕਰਨਾ ਅਤੇ ਅਗਲੇ ਸਭ ਤੋਂ ਵਧੀਆ ਹਦਾਇਤਾਂ ਦੇ ਸਮਰਥਨ ਪ੍ਰਦਾਨ ਕਰਨ ਲਈ ਗਣਿਤ ਦੀ ਸੋਚ ਨੂੰ ਵੇਖਣਾ ਅਤੇ ਉਸਦਾ ਨਾਮਕਰਨ ਕਰਨਾ

## ਵਰਚੁਅਲ ਸਕੂਲਾਂ ਦੀਆਂ ਸਟਾਫ ਡਾਇਰੈਕਟਰੀਆਂ

ਮਾਰਚ 2021

ਸੌਖੇ ਹਵਾਲੇ ਲਈ ਹੇਠਾਂ ਵਰਚੁਅਲ ਸਕੂਲ ਪ੍ਰਬੰਧਕੀ ਟੀਮ ਦੀਆਂ ਡਾਇਰੈਕਟਰੀਆਂ ਹਨ। ਹਰੇਕ ਲਰਨਿੰਗ ਸੈਂਟਰ ਵਿੱਚ ਐਲੀਮੈਂਟਰੀ ਵਾਇਸ-ਪ੍ਰਿੰਸੀਪਲ ਅਤੇ ਪ੍ਰਿੰਸੀਪਲਾਂ ਨੂੰ ਗਰੇਡ ਦੇ ਅਧਾਰ 'ਤੇ ਮਨੋਨੀਤ ਕੀਤਾ ਗਿਆ ਹੈ।

- ਲਰਨਿੰਗ ਸੈਂਟਰ 1 ਵਰਚੁਅਲ ਐਲੀਮੈਂਟਰੀ ਸਕੂਲ
- ਲਰਨਿੰਗ ਸੈਂਟਰ 2 ਵਰਚੁਅਲ ਐਲੀਮੈਂਟਰੀ ਸਕੂਲ
- ਲਰਨਿੰਗ ਸੈਂਟਰ 3 ਵਰਚੁਅਲ ਐਲੀਮੈਂਟਰੀ ਸਕੂਲ
- ਲਰਨਿੰਗ ਸੈਂਟਰ 4 ਵਰਚੁਅਲ ਐਲੀਮੈਂਟਰੀ ਸਕੂਲ